**ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ), ਬਠਿੰਡਾ**

ਤੀਜੀ ਮੰਜ਼ਿਲ ਮਿਨੀ ਸਕੱਤਰੇਤ

deose.bathinda@punjabeducation.gov.in

ਵੱਲ,

ਸਮੂਹ ਸਕੂਲ ਮੁਖੀ / ਪ੍ਰਿੰਸੀਪਲ,
ਸਰਕਾਰੀ / ਐਡਿਡ / ਪ੍ਰਾਈਵੇਟ ਸਕੂਲ,
ਜ਼ਿਲ੍ਹਾ ਬਠਿੰਡਾ।

ਮੀਮੋ ਨੰਬਰ: ਜਿਸਿਅ/ਸੈਸਿ/2026/4036 ਮਿਤੀ: 26.06.2026

**ਵਿਸ਼ਾ: ਸਕੂਲਾਂ ਵਿੱਚ ਡੇਂਗੂ (Dengue) ਦੀ ਰੋਕਥਾਮ, ਜਾਗਰੂਕਤਾ ਪੈਦਾ ਕਰਨ ਅਤੇ ਹਰ ਸ਼ੁੱਕਰਵਾਰ ਨੂੰ 'Dry Day' ਵਜੋਂ ਮਨਾਉਣ ਸਬੰਧੀ ਸਖ਼ਤ ਹਦਾਇਤਾਂ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਸਕੂਲ ਮੁਖੀਆਂ ਨੂੰ ਸਖ਼ਤ ਹਦਾਇਤ ਕੀਤੀ ਜਾਂਦੀ ਹੈ ਕਿ ਬਰਸਾਤ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ ਸਕੂਲਾਂ ਵਿੱਚ ਪੜ੍ਹਦੇ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਡੇਂਗੂ ਦੇ ਬੁਖਾਰ ਅਤੇ ਇਸਦੇ ਫੈਲਣ ਦੇ ਕਾਰਨਾਂ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ (Aware) ਕੀਤਾ ਜਾਵੇ। ਸਕੂਲ ਦੀ ਸਵੇਰ ਦੀ ਸਭਾ (Morning Assembly) ਵਿੱਚ ਵਿਦਿਆਰਥੀਆਂ ਨੂੰ ਡੇਂਗੂ ਤੋਂ ਬਚਾਅ ਦੇ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ ਜਾਵੇ।ਇਸ ਦੇ ਨਾਲ ਹੀ ਇਹ ਯਕੀਨੀ ਬਣਾਇਆ ਜਾਵੇ ਕਿ ਹਰ ਹਫ਼ਤੇ ਦੇ ਸ਼ੁੱਕਰਵਾਰ ਨੂੰ ਸਕੂਲ ਵਿੱਚ 'Dry Day' (ਡਰਾਈ ਡੇ) ਵਜੋਂ ਮਨਾਇਆ ਜਾਵੇ। ਇਸ ਦਿਨ ਸਕੂਲ ਦੇ ਸਾਰੇ ਕੂਲਰਾਂ, ਫੁੱਲਾਂ ਦੇ ਗਮਲਿਆਂ, ਪਾਣੀ ਦੀਆਂ ਟੈਂਕੀਆਂ ਅਤੇ ਸਕੂਲ ਕੈਂਪਸ ਵਿੱਚ ਕਿਸੇ ਵੀ ਥਾਂ 'ਤੇ ਖੜ੍ਹੇ ਪਾਣੀ ਨੂੰ ਪੂਰੀ ਤਰ੍ਹਾਂ ਸਾਫ਼ ਅਤੇ ਖੁਸ਼ਕ (Dry) ਕੀਤਾ ਜਾਵੇ ਤਾਂ ਜੋ ਮੱਛਰਾਂ ਦੇ ਪਲਣ ਦੀ ਸੰਭਾਵਨਾ ਨਾ ਰਹੇ।

**ਸਖ਼ਤ ਚੇਤਾਵਨੀ ਅਤੇ ਜੁਰਮਾਨਾ:**

*ਸਿਹਤ ਵਿਭਾਗ ਅਤੇ ਸਿੱਖਿਆ ਵਿਭਾਗ ਦੀਆਂ ਟੀਮਾਂ ਵੱਲੋਂ ਸਕੂਲਾਂ ਦੀ ਅਚਨਚੇਤ ਚੈਕਿੰਗ ਕੀਤੀ ਜਾਵੇਗੀ। ਜੇਕਰ ਚੈਕਿੰਗ ਦੌਰਾਨ ਕਿਸੇ ਵੀ ਸਰਕਾਰੀ ਜਾਂ ਪ੍ਰਾਈਵੇਟ ਸਕੂਲ ਦੇ ਅੰਦਰ ਡੇਂਗੂ ਦਾ ਲਾਰਵਾ (Dengue Larvae) ਮਿਲਦਾ ਹੈ, ਤਾਂ ਉਸ ਲਈ ਸਬੰਧਤ ਸੰਸਥਾ ਦੇ ਮੁਖੀ (School Head / Principal) ਨਿੱਜੀ ਰੂਪ ਵਿੱਚ ਜ਼ਿੰਮੇਵਾਰ ਹੋਣਗੇ। ਲਾਰਵਾ ਮਿਲਣ ਦੀ ਸੂਰਤ ਵਿੱਚ ਸੰਸਥਾ ਦੇ ਮੁਖੀ ਨੂੰ ਨਿੱਜੀ ਤੌਰ 'ਤੇ (Personal Capacity) 11,000/- ਰੁਪਏ (ਗਿਆਰਾਂ ਹਜ਼ਾਰ ਰੁਪਏ) ਦਾ ਜੁਰਮਾਨਾ ਭਰਨਾ ਪਵੇਗਾ। ਇਹ ਰਾਸ਼ੀ ਸਰਕਾਰੀ ਫੰਡ ਵਿੱਚੋਂ ਨਹੀਂ, ਬਲਕਿ ਮੁਖੀ ਨੂੰ ਆਪਣੇ ਕੋਲੋਂ ਨਿੱਜੀ ਤੌਰ ਤੇ ਅਦਾ ਕਰਨੀ ਪਵੇਗੀ।*

ਇਸ ਸਬੰਧੀ ਸਮੂਹ ਸਕੂਲਾਂ ਵਿੱਚ 3-ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਵੇ ਜਿਸ ਵਿੱਚ ਸਕੂਲ ਮੁਖੀ ,ਇੱਕ ਸਾਇੰਸ ਅਧਿਆਪਕ ਅਤੇ ਇਕ ਹੋਰ ਸੀਨੀਅਰ ਅਧਿਆਪਕ ਨੂੰ ਸ਼ਾਮਿਲ ਕੀਤਾ ਜਾਵੇ ਅਤੇ ਗਤੀਵਿਧੀਆਂ ਦੀ ਰਿਪੋਰਟ ਦਾ ਰਿਕਾਰਡ ਰੱਖਿਆਂ ਜਾਵੇ।

ਇਸ ਨੂੰ ਅਤਿ-ਜ਼ਰੂਰੀ ਅਤੇ ਸਮਾਂਬੱਧ ਸਮਝਿਆ ਜਾਵੇ। ਕਿਸੇ ਵੀ ਪੱਧਰ 'ਤੇ ਵਰਤੀ ਗਈ ਅਣਗਹਿਲੀ ਲਈ ਸਕੂਲ ਮੁਖੀ ਖੁਦ ਜ਼ਿੰਮੇਵਾਰ ਹੋਣਗੇ।

26/6/26

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਬਠਿੰਡਾ